# ਓਪੀਔਡ ਓਵਰਡੋਜ਼ ਲਈ ਜਵਾਬੀ ਕਾਰਵਾਈ

ਪ੍ਰੀਨੋਕਸੈਡ ਨਲੋਕਸੋਨ (renoxad naloxone) ਟੀਕੇ ਲਈ ਇਹਨਾਂ ਕਦਮਾਂ ਦੀ ਪਾਲਣਾ ਕਰੋ

## 1 ਸੁਰੱਖਿਆ

ਕਿਸੇ ਵੀ ਅਸੁਰੱਖਿਅਤ ਚੀਜ਼ ਲਈ ਉਸ ਵਿਅਕਤੀ ਦੀ ਅਤੇ ਆਲੇ-ਦੁਆਲੇ ਦੀ ਜਾਂਚ ਕਰੋ।



## 2 ਕੀ ਇਹ ਓਪੀਔਡ ਦੀ ਓਵਰਡੋਜ਼ ਹੋਈ ਲੱਗਦੀ ਹੈ? ਇਹਨਾਂ ਸੰਕੇਤਾਂ ਦੀ ਭਾਲ ਕਰੋ

- ਹੁੰਗਾਰਾ ਨਹੀਂ ਮਿਲ ਰਿਹਾ ਹੈ
- ਪੁਤਲੀਆਂ ਖੜੀਆਂ ਹਨ
- ਸਧਾਰਨ ਤਰੀਕੇ ਨਾਲ ਸਾਹ ਨਹੀਂ ਲੈ ਰਹੇ ਹਨ - ਹੌਲੀ-ਹੌਲੀ ਖੋਖਲੇ ਸਾਹ ਜਾਂ ਘੁਰਾੜੇ ਮਾਰ ਰਹੇ ਹਨ
- ਪੀਲੀ ਜਾਂ ਠੰਡੀ ਚਮੜੀ, ਨੀਲੇ ਜਾਂ ਸਲੇਟੀ ਬੁੱਲ੍ਹ ਅਤੇ ਉਂਗਲਾਂ




## 3 ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ




## 4 ਉਸ ਵਿਅਕਤੀ ਨੂੰ ਉਸਦੇ ਪਾਸੇ ਦੇ ਭਾਰ ‘ਤੇ ਲਿਟਾਓ

ਉਸ ਵਿਅਕਤੀ ਨੂੰ ਰਿਕਵਰੀ ਮੁਦਰਾ ਵਿੱਚ ਪਾਓ।




ਅਗਲੇ ਪੰਨੇ ‘ਤੇ ਜਾਰੀ ਰਹੇਗਾ

VICTORIA State Government | Department of Health

ਆਗਿਆ ਲੈ ਕੇ ਦੁਆਰਾ ਦੁਬਾਰਾ ਤਿਆਰ ਕੀਤਾ ਗਿਆ ਹੈ, NSW ਹੈਲਥ © 2023।

## 5 ਸੂਈ ਨੂੰ ਪ੍ਰੀਨੋਕਸਡ ਦੀ ਪਹਿਲਾਂ ਤੋਂ ਭਰੀ ਹੋਈ ਸਰਿੰਜ ਉੱਤੇ ਲਗਾਓ




## 6 ਇਸ ਸੂਈ ਨੂੰ ਸਹੀ ਸਥਿਤੀ ਵਿੱਚ ਲੈ ਕੇ ਆਓ

ਪੱਟ ਦੇ ਬਾਹਰਲੇ ਪਾਸੇ ਜਾਂ ਉਪਰਲੀ ਬਾਂਹ ਵਿੱਚ ਸੂਈ ਲਗਾਓ।




## 7 ਨਲੋਕਸੋਨ ਦੀ ਇੱਕ ਖ਼ੁਰਾਕ ਦਿਓ

ਸਰਿੰਜ 'ਤੇ ਪਹਿਲੀ ਕਾਲੀ ਲਾਈਨ ਤੱਕ 0.4mL ਦਾ ਟੀਕਾ ਲਗਾਓ (ਪ੍ਰੀਨੋਕਸੈਡ ਸਰਿੰਜ ਵਿੱਚ 5 ਖੁਰਾਕਾਂ ਹੁੰਦੀਆਂ ਹਨ)।




## 8 ਕੀ ਉਹ ਸਾਹ ਲੈ ਰਹੇ ਹਨ?


ਜੇਕਰ ਉਹ ਸਾਹ ਨਹੀਂ ਲੈ ਰਹੇ ਹਨ, ਤਾਂ ਆਪਣੇ ਮੂੰਹ ਰਾਹੀਂ ਬਚਾਅ ਸਾਹ ਦੇਣ ਦੀ ਵਰਤੋਂ ਕਰੋ ਜੇਕਰ ਤੁਸੀਂ ਜਾਣਦੇ ਹੋ ਕਿ ਇਹ ਕਿਵੇਂ ਕਰਨਾ ਹੈ- ਉਸ ਵਿਅਕਤੀ ਨੂੰ ਪਿੱਠ 'ਤੇ ਲਿਟਾਓ ਅਤੇ 2 ਸਾਹ ਦਿਓ।



## 9 ਰਿਕਵਰੀ


ਉਸ ਵਿਅਕਤੀ ਨੂੰ ਰਿਕਵਰੀ ਮੁਦਰਾ ਵਿੱਚ ਪਾਓ।

ਐਂਬੂਲੈਂਸ ਆਉਣ ਤੱਕ ਉਨ੍ਹਾਂ ਦੇ ਨਾਲ ਰਹੋ।



## 10 ਜੇ ਲੋੜ ਹੋਵੇ ਤਾਂ ਇਸ ਖ਼ੁਰਾਕ ਨੂੰ ਦੁਹਰਾਓ

ਜੇਕਰ ਕੋਈ ਹੁੰਗਾਰਾ ਨਹੀਂ ਮਿਲਦਾ ਤਾਂ ਵਿਅਕਤੀ ਦੇ ਠੀਕ ਹੋਣ ਜਾਂ ਐਂਬੂਲੈਂਸ ਆਉਣ ਤੱਕ ਹਰ 2 ਤੋਂ 3 ਮਿੰਟਾਂ ਵਿੱਚ ਇੱਕ ਹੋਰ 0.4mL ਦੀ ਖ਼ੁਰਾਕ ਦਿਓ (ਅਗਲੀ ਕਾਲੀ ਲਾਈਨ ਤੱਕ) ਟੀਕਾ ਲਗਾਓ।



**ਓਪੀਔਡ ਦੀ ਓਵਰਡੋਜ਼ (ਜਿਵੇਂ ਕਿ ਹੈਰੋਇਨ, ਮੋਰਫਿਨ, ਮੈਥਾਡੋਨ, ਆਕਸੀਕੋਡੋਨ, ਨੁਸਖ਼ੇ ਵਾਲੇ ਓਪੀਔਡਜ਼, ਫੈਂਟਾਨਿਲ) ਨੂੰ ਉਲਟਾਉਣ ਲਈ ਨਲੋਕਸੋਨ ਦੀ ਵਰਤੋਂ ਕਰੋ। ਇਸਨੂੰ ਅਸਰ ਸ਼ੁਰੂ ਕਰਨ ਵਿੱਚ 2-5 ਮਿੰਟ ਲੱਗਦੇ ਹਨ ਅਤੇ ਅਸਰ ਲਗਭਗ 30-90 ਮਿੰਟ ਤੱਕ ਰਹਿੰਦਾ ਹੈ।**

ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ, ਇੱਥੇ ਈਮੇਲ ਕਰੋ <aod.enquiries@health.vic.gov.au>

ਆਗਿਆ ਲੈ ਕੇ ਦੁਆਰਾ ਦੁਬਾਰਾ ਤਿਆਰ ਕੀਤਾ ਗਿਆ ਹੈ, NSW ਹੈਲਥ © 2023।
ਵਿਕਟੋਰੀਅਨ ਸਰਕਾਰ, 1 ਟ੍ਰੇਜ਼ਰੀ ਪਲੇਸ, ਮੈਲਬੌਰਨ ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ। © ਵਿਕਟੋਰੀਆ ਰਾਜ, ਆਸਟ੍ਰੇਲੀਆ, ਸਿਹਤ ਵਿਭਾਗ
ISBN 978-1-76131-460-5 (pdf/online/MS word)।
ਇਸ ਵਿਭਾਗ ਦੀ ਵੈੱਬਸਾਈਟ ਤੋਂ ਉਪਲਬਧ ਹੈ <https://www.health.vic.gov.au/aod-treatment-services/victorias-take-home-naloxone-program>
ਨਵੰਬਰ 2023 (2303380)।